# ਸਫ਼ਰ ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ

# Frequently asked questions about travel

*ਇਹ ਜਾਣਕਾਰੀ ਇੰਗਲੈਂਡ, ਵੇਲਜ਼ ਅਤੇ ਨੌਰਦਰਨ ਆਇਰਲੈਂਡ ਵਿਚ ਲਾਗੂ ਹੁੰਦੀ ਹੈ*

**ਜਦੋਂ ਅਸੀਂ ਸਾਰਾ ਪਰਿਵਾਰ ਬਾਹਰ ਦੇ ਦੇਸ਼ ਨੂੰ ਛੁੱਟੀ ਕੱਟਣ ਲਈ ਜਾਂਦੇ ਹਾਂ ਤਾਂ ਸਾਨੂੰ ਕਿੰਨੇ ਪਾਸਪੋਰਟਾਂ ਦੀ ਲੋੜ ਪਵੇਗੀ ?** **2**

ਜੇ ਮੈਂ ਯੂ.ਕੇ ਵਿਚ ਹੀ ਸਫ਼ਰ ਕਰਾਂ ਤਾਂ ਕੀ ਮੈਨੂੰ ਪਾਸਪੋਰਟ ਦੀ ਲੋੜ ਹੋਵੇਗੀ ? **2**

**ਅਸੀਂ ਛੁੱਟੀਆਂ ਤੋਂ ਵਾਪਸ ਆਉਣ ਵੇਲੇ ਟੈਕਸ ਲੱਗੇ ਤੋਂ ਬਿਨਾ (ਡਿਊਟੀ ਫ਼ਰੀ) ਕਿੰਨਾ ਕੁੱਝ ਲਿਆ ਸਕਦੇ ਹਾਂ ?** **3**

**ਕੀ ਮੈਂ ਕਾਰ ਵਿਚ ਆਪਣਾ ਮੋਬਾਈਲ ਫ਼ੋਨ ਵਰਤ ਸਕਦਾ/ਦੀ ਹਾਂ ?** **4**

**ਜੇ ਮੇਰੀ ਰੇਲ ਗੱਡੀ ਲੇਟ ਹੋ ਜਾਂਦੀ ਹੈ ਤਾਂ ਮੈਨੂੰ ਕਿੰਨਾ ਹਰਜਾਨਾ ਮਿਲ ਸਕਦਾ ਹੈ ?** **5**

Copyright © 2002-2006 Citizens Advice All rights reserved
Registered charity no: 279057 Company no: 1436945 England

## ਜਦੋਂ ਅਸੀਂ ਸਾਰਾ ਪਰਿਵਾਰ ਬਾਹਰ ਦੇ ਦੇਸ਼ ਨੂੰ ਛੁੱਟੀ ਕੱਟਣ ਲਈ ਜਾਂਦੇ ਹਾਂ ਤਾਂ ਸਾਨੂੰ ਕਿੰਨੇ ਪਾਸਪੋਰਟਾਂ ਦੀ ਲੋੜ ਪਵੇਗੀ ?

ਜੇ ਤੁਸੀਂ ਬ੍ਰਿਟਿਸ਼ ਸਿਟੀਜ਼ਨ (ਬਰਤਾਨਵੀ ਸ਼ਹਿਰੀ) ਹੋ, ਤਾਂ ਤੁਹਾਡਾ ਆਈਲ ਔਫ਼ ਮੈਨ, ਦ ਚੈਨਲ ਆਈਲੈਂਡਜ਼ ਜਾਂ ਆਇਰਿਸ਼ ਰਿਪਬਲਿਕ ਨੂੰ ਜਾਣ ਤੋਂ ਸਿਵਾਏ ਬਾਹਰ ਦੇ ਕਿਸੇ ਵੀ ਹੋਰ ਦੇਸ਼ ਨੂੰ ਜਾਣ ਲਈ ਹੁਣ ਪਰਿਵਾਰ ਦੇ ਹਰੇਕ ਮੈਂਬਰ ਕੋਲ ਆਪਣਾ ਪਾਸਪੋਰਟ ਹੋਣਾ ਚਾਹੀਦਾ ਹੈ। ਛੋਟੇ ਬੱਚਿਆਂ (ਬੇਬੀਜਡ) ਲਈ ਵੀ ਆਪਣਾ ਪਾਸਪੋਰਟ ਚਾਹੀਦਾ ਹੈ। ਪਰ ਜੇ ਤੁਹਾਡੇ ਬੱਚੇ 16 ਸਾਲ ਦੀ ਉਮਰ ਤੋਂ ਛੋਟੇ ਹਨ ਅਤੇ ਤੁਹਾਡਾ ਪਾਸਪੋਰਟ ਅਕਤੂਬਰ 1998 ਤੋਂ ਪਹਿਲਾਂ ਬਣਵਾਇਆ ਗਿਆ ਸੀ, ਜਿਸ ਉੱਤੇ ਨਾਮ ਪਹਿਲਾਂ ਹੀ ਲਿਖੇ ਹੋਏ ਸਨ ਤਾਂ ਉਸ ਪਾਸਪੋਰਟ ਦੀ ਮਿਆਦ ਖਤਮ ਹੋਣ ਤਕ ਜਾਂ ਜੇ ਉਹ 16 ਸਾਲਾਂ ਦੇ ਹੋ ਜਾਣ ਤਕ, ਜੋ ਵੀ ਪਹਿਲਾਂ ਹੋ ਜਾਵੇ, ਉਹ ਉਸੇ ਪਾਸਪੋਰਟ 'ਤੇ ਸਫ਼ਰ ਕਰ ਸਕਦੇ ਹਨ।

ਤੁਹਾਨੂੰ ਪਾਸਪੋਰਟ ਬਣਾਉਣ ਲਈ ਬੇਨਤੀ ਕਰਨ ਵਾਲੇ ਫ਼ੌਰਮ ਮੇਨ ਪੋਸਟ ਔਫ਼ਿਸ ਜਾਂ ਵੱਡੇ ਟ੍ਰੈਵਲ ਏਜੰਟਾਂ ਤੋਂ ਮਿਲ ਸਕਦੇ ਹਨ। ਉਹ ਠੀਕ ਢੰਗ ਨਾਲ ਫ਼ੌਰਮ ਭਰਨ ਵਿਚ ਮਦਦ ਕਰ ਸਕਦੇ ਹਨ ਅਤੇ ਵਾਧੂ ਫ਼ੀਸ ਲੈ ਕੇ ਤੁਹਾਡੇ ਵਲੋਂ ਭੇਜ ਸਕਦੇ ਹਨ ਜਾਂ ਤੁਹਾਨੂੰ ਠੀਕ ਤਰੀਕੇ ਨਾਲ ਆਪ ਭਰਨ ਅਤੇ ਕਿੱਥੇ ਭੇਜਣਾ ਚਾਹੀਦਾ ਹੈ ਅਤੇ ਤੁਹਾਡੀ ਪਛਾਣ ਕਰਦੀ ਕਿਹੋ ਜਿਹੀ ਚੀਜ਼ ਭੇਜਣੀ ਚਾਹੀਦੀ ਹੈ, ਬਾਰੇ ਜਾਣਕਾਰੀ ਦੇਣ ਵਾਲਾ ਲੀਫ਼ਲੈਟ ਤੁਹਾਨੂੰ ਦੇ ਸਕਦੇ ਹਨ। ਤੁਹਾਨੂੰ ਬੇਨਤੀ ਕਰਨ ਵਾਲੇ ਫ਼ੌਰਮ ਪਾਸਪੋਰਟ ਦੇ ਦਫ਼ਤਰਾਂ 'ਚੋਂ ਵੀ ਮਿਲ ਸਕਦੇ ਪਨ।

## ਜੇ ਮੈਂ ਯੂ.ਕੇ ਵਿਚ ਹੀ ਸਫ਼ਰ ਕਰਾਂ ਤਾਂ ਕੀ ਮੈਨੂੰ ਪਾਸਪੋਰਟ ਦੀ ਲੋੜ ਹੋਵੇਗੀ ?

**ਯੂ.ਕੇ ਵਿਚ ਸਫ਼ਰ ਕਰਨ ਲਈ ਤੁਹਾਨੂੰ ਪਾਸਪੋਰਟ ਦੀ ਲੋੜ ਨਹੀਂ ਹੈ। ਫਿਰ ਭੀ, ਮੁਲਕ ਦੇ ਅੰਦਰ ਹਵਾਈ ਸਫ਼ਰ ਕਰਨ ਤੋਂ ਪਹਿਲਾਂ ਕਈ ਏਅਰਲਾਈਨਜ਼ ਤੁਹਾਨੂੰ ਸ਼ਨਾਖ਼ਤ ਦਿਖਾਉਣ ਲਈ ਜ਼ੋਰ ਦੇਣਗੀਆਂ। ਇਸ ਸ਼ਨਾਖ਼ਤ ਵਿਚ ਪਾਸਪੋਰਟ ਸ਼ਾਮਿਲ ਹੋ ਸਕਦਾ ਹੈ, ਪਰ ਹੋਰ ਦੂਸਰੇ ਕਿਸਮ ਦੀ ਸ਼ਨਾਖ਼ਤ ਵੀ ਮਨਜ਼ੂਰ ਕੀਤੀ ਜਾ ਸਕਦੀ ਹੈ। ਸਫ਼ਰ ਕਰਨ ਤੋਂ ਪਹਿਲਾਂ ਤੁਸੀਂ ਏਅਰਲਾਈਨ ਨਾਲ ਚੈੱਕ ਕਰ ਲਓ ਕਿ ਤੁਹਾਨੂੰ ਕਿਹੜੀ ਸ਼ਨਾਖ਼ਤ ਦੀ ਲੋੜ ਹੋਵੇਗੀ।**

Copyright © 2002-2006 Citizens Advice All rights reserved
Registered charity no: 279057 Company no: 1436945 England

## ਅਸੀਂ ਛੁੱਟੀਆਂ ਤੋਂ ਵਾਪਸ ਆਉਣ ਵੇਲੇ ਟੈਕਸ ਲੱਗੇ ਤੋਂ ਬਿਨਾ(ਡਿਊਟੀ ਫ਼ਰੀ) ਕਿੰਨਾ ਕੁੱਝ ਲਿਆ ਸਕਦੇ ਹਾਂ ?

ਇਸ ਵੇਲੇ ਯੂਰੋਪੀਅਨ ਯੂਨੀਅਨ (ਈ.ਯੂ.) ਦੇ ਵਿਚ ਸਫ਼ਰ ਕਰਦੇ ਹੋਏ, ਡਿਊਟੀ ਫ਼ਰੀ ਚੀਜ਼ਾਂ ਦਾ ਕੋਈ ਕੋਟਾ ਨਹੀਂ ਹੈ। ਇਸ ਦੀ ਥਾਂ ਤੁਸੀਂ ਆਪਣੀ ਵਰਤੋਂ ਜੋਗਾ ਜਾਂ ਇਕ ਤੋਹਫ਼ੇ ਵਜੋਂ ਜਿੰਨਾ ਵੀ ਸਾਮਾਨ ਲਿਆਉਣਾ ਚਾਹੋ, ਲਿਆ ਸਕਦੇ ਹੋ। ਅਮਲੀ ਤੌਰ 'ਤੇ ਜੇ ਤੁਸੀਂ 17 ਸਾਲ ਦੀ ਉਮਰ ਤੋਂ ਉੱਪਰ ਹੋ ਤਾਂ ਤੁਹਾਨੂੰ 3200 ਸਿਗਰਟਾਂ, 10 ਲੀਟਰ ਸ਼ਰਾਬ, 90 ਲੀਟਰ ਵਾਈਨ ਅਤੇ 110 ਲੀਟਰ ਬੀਅਰ ਲਿਆਉਣ ਦੀ ਆਗਿਆ ਹੋਵੇਗੀ। ਜੇ ਤੁਸੀਂ ਵਾਧੂ ਲਿਆਉਂਦੇ ਹੋ ਤਾਂ ਤੁਹਾਨੂੰ ਕਸਟਮ ਦੇ ਅਫਸਰਾਂ ਨੂੰ ਮਨਾਉਣਾ ਪਵੇਗਾ ਕਿ ਇਹ ਤੁਹਾਡੀ ਆਪਣੀ ਵਰਤੋਂ ਲਈ ਹੀ ਹੈ। ਤੁਮਾਕੂ, ਸ਼ਰਾਬਾਂ ਅਤੇ ਹੋਰ ਵੱਖ ਵੱਖ ਪਦਾਰਥਾਂ ਦੇ ਅਲੱਗ ਕੋਟੇ ਹਨ।

ਯਾਤਰਾ ਕਰਦੇ ਸਮੇਂ ਅਜੇ ਵੀ ਯੂਰੋਪੀਅਨ ਯੂਨੀਅਨ (ਈ.ਯੂ.) ਤੋਂ ਬਾਹਰ ਦੇ ਦੇਸ਼ਾਂ ਵਿਚੋਂ ਡਿਊਟੀ ਫ਼ਰੀ ਚੀਜ਼ਾਂ ਦੇ ਅਲਾਉਂਸ ਹਨ ਜੋ ਬਹੁਤ ਘੱਟ ਹਨ।

ਜੇ ਤੁਸੀਂ 17 ਸਾਲ ਦੀ ਉਮਰ ਤੋਂ ਉੱਪਰ ਹੋ ਤਾਂ ਤੁਹਾਨੂੰ ਇਹ ਲਿਆਉਂਣ ਦੀ ਇਜਾਜ਼ਤ ਦਿੱਤੀ ਜਾਵੇਗੀ:

- 200 ਸਿਗਰਟਾਂ ਜਾਂ 100 ਸਿਗਾਰੀਲੋਜ਼ ਜਾਂ 50 ਸਿਗਾਰਜ਼ ਜਾਂ 250g ਤਮਾਖ਼ੂ;
- 4 ਲੀਟਰ ਸਟਿੱਲ ਟੇਬਲ ਵਾਈਨ;
- 2 ਲੀਟਰ ਤਿੱਖੀ ਜਾਂ ਸਪਾਰਕਲਿੰਗ ਵਾਈਨ, 1 ਲੀਟਰ ਪੱਕੀ ਸ਼ਰਾਬ (ਸਪਿਰਿਟਸ);
- 16 ਲੀਟਰ ਬੀਅਰ ਅਤੇ
- 300 ਪੌਂਡ ਦੀ ਰਕਮ ਤੱਕ ਹੋਰ ਦੂਸਰਾ ਸਾਮਾਨ ਲਿਆਉਂਣੇ ਦੀ ਇਜਾਜ਼ਤ ਹੈ ਜਿਸ ਵਿਚ ਪਰਫ਼ਿਊਮਜ਼ (ਅਤਰ) ਅਤੇ ਸੁਵੀਨੀਅਰਜ਼ (ਯਾਦਗਾਰ ਸਾਮਾਨ) ਸ਼ਾਮਿਲ ਹੈ।

ਤੁਹਾਨੂੰ ਸ਼ਰਾਬ ਜਾਂ ਤਮਾਖ਼ੂ ਦੇ ਸਾਮਾਨ ਨੂੰ ਅਦਲਾ ਬਦਲੀ (ਮਿਕਸ ਐਂਡ ਮੈਚ) ਕਰਨੇ ਦੀ ਇਜਾਜ਼ਤ ਹੈ ਜਦ ਤੱਕ ਤੁਸੀਂ ਹਰ ਇੱਕ ਵਸਤੂ ਲਈ ਤਹਿ ਕੀਤੇ ਗਏ ਕੁੱਲ ਅਲਾਉਂਸ ਤੋਂ ਵੱਧੀਕ ਨਾ ਹੋਵੋ। ਮਿਸਾਲ ਵਜੋਂ ਤੁਸੀਂ 100 ਸਿਗਰਟਾਂ ਅਤੇ 25 ਸਿਗਾਰਜ਼ ਲਿਆ ਸਕਦੇ ਹੋ ਜਿਹੜਾ ਕਿ ਤੁਹਾਡੇ ਸਿਗਰਟ ਅਲਾਉਂਸ ਦਾ 50 ਪ੍ਰਤੀਸ਼ੱਤ ਹਿੱਸਾ ਹੈ ਅਤੇ 50 ਪ੍ਰਤੀਸ਼ੱਤ ਤੁਹਾਡੇ ਸਿਗਾਰ ਅਲਾਉਂਸ ਦਾ ਹਿੱਸਾ ਹੈ। ਤੁਸੀਂ ਸ਼ਰਾਬ ਅਤੇ ਤਮਾਖ਼ੂ ਦੇ ਅਲਾਉਂਸ ਨੂੰ ਮਿਕਸ ਐਂਡ ਮੈਚ ਨਹੀਂ ਕਰ ਸਕਦੇ।

Copyright © 2002-2006 Citizens Advice All rights reserved
Registered charity no: 279057 Company no: 1436945 England

ਜੇ ਤੁਸੀਂ ਇਸ ਨਾਲੋਂ ਵਾਧੂ ਲਿਆਉਂਦੇ ਹੋ, ਤਾਂ ਤੁਹਾਨੂੰ ਇਨ੍ਹਾਂ ਚੀਜ਼ਾਂ ਦੀ ਘੋਸ਼ਣਾ ਕਸਟਮ ਵਾਲਿਆਂ ਕੋਲ ਕਰਨੀ ਪਵੇਗੀ ਅਤੇ ਇਨਾਂ 'ਤੇ ਟੈਕਸ ਦੇਣਾ ਪੈ ਸਕਦਾ ਹੈ। ਜੇ ਤੁਸੀਂ ਘੋਸ਼ਣਾ ਨਹੀਂ ਕਰਦੇ, ਤਾਂ ਤੁਸੀਂ ਕਾਨੂੰਨ ਤੋੜਦੇ ਹੋ। ਜਿਨ੍ਹਾਂ ਚੀਜ਼ਾਂ ਦੀ ਘੋਸ਼ਣਾ ਤੁਸੀਂ ਨਹੀਂ ਕਰਦੇ ਉਹ ਕੁਰਕ ਕਰ ਲਈਆਂ ਜਾ ਸਕਦੀਆਂ ਹਨ, ਤੁਹਾਨੂੰ ਜੁਰਮਾਨਾ ਹੋ ਸਕਦਾ ਹੈ ਅਤੇ ਤੁਹਾਡੇ 'ਤੇ ਕੇਸ ਵੀ ਚਲਾਇਆ ਜਾ ਸਕਦਾ ਹੈ।

ਛੁੱਟੀਆਂ ਅਤੇ ਵਪਾਰਕ ਫੇਰੀਆਂ ਦੋਵਾਂ ਲਈ ਡਿਊਟੀ ਫ਼ਰੀ ਚੀਜ਼ਾਂ ਦੇ ਅਲਾਉਂਸ ਇੱਕੋ ਜਿਹੇ ਹਨ।

ਜੇ ਤੁਸੀਂ ਕਿਸੇ ਇਹੋ ਜਿਹੇ ਮੁਲਕ ਤੋਂ ਯੂ ਕੇ ਨੂੰ ਸਫ਼ਰ ਕਰ ਰਹੇ ਹੋ ਜੋ ਯੂਰੋਪੀਅਨ ਯੂਨੀਅਨ ਦਾ ਹਿੱਸਾ ਨਹੀਂ ਹੈ (non-EU) ਤਾਂ ਜੇ ਤੁਸੀਂ 10,000 ਜਾਂ ਉਸ ਤੋਂ ਵੱਧ ਯੂਰੋਜ਼ ਨਕਦ ਲੈ ਕੇ ਜਾ ਰਹੇ ਹੋ ਉਹਨਾਂ ਬਾਰੇ ਤੁਹਾਨੂੰ ਦੱਸਣਾ ਪਵੇਗਾ (ਜਾਂ ਦੂਸਰੇ ਮੁਲਕਾਂ ਦੀ ਕਰੰਸੀ ਦੇ ਬਰਾਬਰ)। ਇਹ ਅਸੂਲ ਉਸ ਵਕਤ ਵੀ ਲਾਗੂ ਹੁੰਦਾ ਹੈ ਜਦੋਂ ਤੁਸੀਂ ਯੂ ਕੇ ਤੋਂ ਕਿਸੇ ਦੂਸਰੇ ਮੁਲਕ ਨੂੰ ਸਫ਼ਰ ਕਰਦੇ ਹੋ ਜੋ ਯੂਰੋਪੀਅਨ ਯੂਨੀਅਨ ਦਾ ਹਿੱਸਾ ਨਹੀਂ ਹੈ।

ਜੇ ਤੁਸੀਂ ਇੱਕ ਯੂਰੋਪੀਅਨ ਯੂਨੀਅਨ ਮੁਲਕ ਤੋਂ ਦੂਸਰੇ ਯੂਰੋਪੀਅਨ ਯੂਨੀਅਨ ਮੁਲਕ ਨੂੰ ਜਾ ਰਹੇ ਹੋ ਜਾਂ ਆ ਰਹੇ ਹੋ ਤਾਂ ਤੁਹਾਨੂੰ ਨਕਦ ਪੈਸਿਆਂ ਬਾਰੇ ਦੱਸਣੇ ਦੀ ਲੋੜ ਨਹੀਂ ਹੈ।

## ਕੀ ਮੈਂ ਕਾਰ ਵਿਚ ਆਪਣਾ ਮੋਬਾਈਲ ਫ਼ੋਨ ਵਰਤ ਸਕਦਾ/ਦੀ ਹਾਂ ?

ਗਡੀ ਚਲਾਉਂਦੇ ਸਮੇਂ ਹੱਥ ਵਿਚ ਫ਼ੜਨੇ ਵਾਲਾ ਮੋਬਾਈਲ ਫ਼ੋਨ ਵਰਤਣਾ ਇੱਕ ਗੁਨਾਹਗਾਰ ਜੁਰਮ ਹੈ। ਇਹ ਉਸ ਵਕਤ ਵੀ ਲਾਗੂ ਹੁੰਦਾ ਹੈ ਜਦੋਂ ਤੁਸੀਂ ਟ੍ਰੈਫ਼ਿੱਕ ਲਾਈਟਸ ਤੇ ਜਾਂ ਟ੍ਰੈਫ਼ਿੱਕ ਜੈਮ (ਭੀੜ) ਵਿਚ ਵੀ ਖ਼ੜੇ ਹੋਵੋ। ਜੇ ਤੁਸੀਂ ਇਹ ਕਾਨੂੰਨ ਤੋੜਦੇ ਹੋ ਤਾਂ ਤੁਹਾਨੂੰ £60 ਦੀ ਪੈਨਲਟੀ (ਜੁਰਮਾਨਾ) ਦੇਣੀ ਪੈਂਦੀ ਹੈ ਅਤੇ ਤੁਹਾਡੇ ਲਾਈਸੈਂਸ ਉੱਤੇ ਤਿੰਨ ਪੌਇੰਟਸ ਲੱਗ ਸਕਦੇ ਹਨ। ਛੁੱਟ ਸਿਰਫ਼ ਉਸ ਵਕਤ ਮਿਲ ਸਕਦੀ ਹੈ ਜਦੋਂ ਤੁਸੀਂ ਸਹੀ ਤੌਰ ਤੇ ਕਿਸੇ ਸੰਕਟ ਦੇ ਸਮੇਂ ਵਿਚ 999 ਨੂੰ ਜਾਂ 112 ਨੂੰ ਫ਼ੋਨ ਕਰਨ ਲਈ ਵਰਤਦੇ ਹੋ ਜਿੱਥੇ ਤੁਹਾਡੇ ਲਈ ਗੱਡੀ ਖੜੀ ਕਰਨੀ ਅਸੁਰੱਖਿਅਤ ਹੈ ਜਾਂ ਮੁਮਕਿਨ ਨਹੀਂ ਹੈ।

Copyright © 2002-2006 Citizens Advice All rights reserved
Registered charity no: 279057 Company no: 1436945 England

ਤੁਸੀਂ ਹੈਂਡਜ਼ ਫ਼ਰੀ ਫ਼ੋਨ (ਹੱਥ ਵਿਚ ਫ਼ੜਨ ਤੋਂ ਬਿਨਾਂ ਵਰਤਿਆ ਜਾਣ ਵਾਲਾ ਫ਼ੋਨ) ਵਰਤ ਸਕਦੇ ਹੋ, ਪਰ ਜੇ ਫ਼ੋਨ ਵਰਤਦੇ ਸਮੇਂ ਗੱਡੀ ਉੱਤੇ ਤੁਹਾਡਾ ਪੂਰੀ ਤਰ੍ਹਾਂ ਨਾਲ ਕਾਬੂ ਨਾ ਰਹੇ ਤਾਂ ਤੁਹਾਨੂੰ ਫਿਰ ਭੀ ਪੱਕੇ ਤੌਰ ਤੇ £60 ਦੀ ਪੈਨਲਟੀ ਅਤੇ ਤਿੰਨ ਪੌਇੰਟ ਲੱਗਣ ਦਾ ਖ਼ਤਰਾ ਹੋ ਸਕਦਾ ਹੈ।
ਜੇ ਪੌਇੰਟਸ ਲੱਗਣ ਤੋਂ ਇਲਾਵਾ ਵੀ ਕੇਸ ਕੋਰਟ ਵਿਚ ਚਲਾ ਜਾਂਦਾ ਹੈ ਤਾਂ ਤੁਹਾਨੂੰ ਡਿਸਕੁਅੌਲੀਫ਼ਾਈ ਕੀਤਾ ਜਾਵੇਗਾ ਅਤੇ ਵੱਧ ਤੋਂ ਵੱਧ ਤੁਹਾਨੂੰ 1000 ਪੌਂਡ (ਬੱਸਾਂ, ਕੋਚਾਂ ਜਾਂ ਭਾਰ ਢੋਣ ਵਾਲੀਆਂ ਗੱਡੀਆਂ ਲਈ 2,500 ਪੌਂਡ) ਜੁਰਮਾਨਾ ਭਰਨਾ ਪਵੇਗਾ। ਇਹ ਅਸੂਲ ਮੋਟਰ ਸਾਈਕਲ ਚਲਾਉਂਣ ਵਾਲਿਆਂ ਅਤੇ ਗੱਡੀਆਂ ਚਲਾਉਂਣ ਵਾਲਿਆਂ ਡਰਾਈਵਰਾਂ ਉੱਤੇ ਵੀ ਲਾਗੂ ਹੁੰਦਾ ਹੈ।

ਤੁਸੀਂ ਮੋਬਾਈਲ ਫ਼ੋਨਜ਼ ਅਤੇ ਡਰਾਇਵਿੰਗ ਬਾਰੇ ਵਧੇਰੇ ਜਾਣਕਾਰੀ ਇਸ ਵੈੱਬਸਾਈਟ ਤੋਂ ਲੈ ਸਕਦੇ ਹੋ :
www.thinkroadsafety.gov.uk/advice/mobilephones.htm. Can I use my mobile phone in the car?

## ਜੇ ਮੇਰੀ ਰੇਲ ਗੱਡੀ ਲੇਟ ਹੋ ਜਾਂਦੀ ਹੈ ਤਾਂ ਮੈਨੂੰ ਕਿੰਨਾ ਹਰਜਾਨਾ ਮਿਲ ਸਕਦਾ ਹੈ ?

ਤੁਹਾਨੂੰ ਹਰਜਾਨਾ ਮਿਲਣਾ ਸੰਭਵ ਹੋ ਸਕਦਾ ਹੈ, ਪਰ ਇਹ ਸਿਰਫ਼ ਤਾਂ ਹੋ ਸਕਦਾ ਹੈ ਜੇ ਤੁਹਾਡੀ ਰੇਲ ਗੱਡੀ ਦੇ ਸਫ਼ਰ ਦੀ ਦੇਰੀ ਦੀ ਵਜ੍ਹਾ ਟ੍ਰੇਨ ਕੰਪਨੀ ਦੇ ਵੱਸ ਵਿਚ ਹੋਵੇ। ਇਸ ਵਿਚ ਇਹ ਦੇਰੀ ਐਂਜਨੀਅਰਿੰਗ ਕੰਮਾਂ ਦੇ ਕਾਰਣ ਵੀ ਹੋ ਸਕਦੀ ਹੈ ਪਰ ਕਿਸੇ ਖਾਸ ਤੁਫ਼ਾਨੀ ਮੌਸਮ ਦੇ ਕਾਰਣ ਨਹੀਂ।

ਜੇ ਤੁਸੀਂ ਹਰਜ਼ਾਨੇ ਦੇ ਅਧਿਕਾਰੀ ਹੋ ਅਤੇ ਜੇ ਤੁਸੀਂ ਬਿਲਕੁੱਲ ਹੀ ਸਫ਼ਰ ਨਹੀਂ ਕਰ ਸਕਦੇ ਹੋ ਕਿਉਂਕਿ ਜਿਸ ਟ੍ਰੇਨ ਵਿਚ ਤੁਹਾਡਾ ਸਫ਼ਰ ਕਰਨ ਦਾ ਇਰਾਦਾ ਸੀ ਉਹ ਬਹੁਤ ਹੀ ਲੇਟ ਸੀ ਤਾਂ ਕੰਪਨੀ ਨੂੰ ਤੁਹਾਡੇ ਟਿਕਟ ਦੇ ਪੂਰੇ ਪੈਸੇ ਵਾਪਸ ਦੇਣੇ ਚਾਹੀਦੇ ਹਨ। ਜੇ ਤੁਸੀਂ ਅਸਲ ਵਿਚ ਸਫ਼ਰ ਕਰ ਸਕਦੇ ਹੋ ਪਰ ਟ੍ਰੇਨ ਇੱਕ ਘੰਟੇ ਤੋਂ ਜ਼ਿਆਦਾ ਲੇਟ ਪਹੁੰਚੀ ਹੈ ਅਤੇ ਤੁਸੀਂ ਇੱਕ ਪਾਸੇ ਲਈ ਸਿੰਗਲ ਟਿਕਟ ਖਰੀਦਿਆ ਹੈ ਤਾਂ ਤੁਹਾਨੂੰ ਟਿਕਟ ਦੇ ਖਰਚੇ ਦਾ ਘੱਟ ਤੋਂ ਘੱਟ 20 ਪ੍ਰਤੀਸ਼ਤ ਖਰਚੇ ਦਾ ਵਾਊਚਰ ਮਿਲਣਾ ਚਾਹੀਦਾ ਹੈ। ਜੇ ਤੁਸੀਂ ਵਾਪਸੀ ਜਾਂ ਆਉਂਣ ਤੇ ਜਾਣ ਵਾਲਾ ਟਿਕਟ ਲਿਆ ਹੈ ਤਾਂ ਤੁਸੀਂ ਟਿਕਟ ਦੇ ਪੂਰੇ ਖਰਚੇ ਵਿਚੋਂ ਘੱਟ ਤੋਂ ਘੱਟ 10 ਪ੍ਰਤੀਸ਼ਤ ਖਰਚੇ ਦਾ

Copyright © 2002-2006 Citizens Advice All rights reserved
Registered charity no: 279057 Company no: 1436945 England

ਵਾਊਚਰ ਕਲੇਮ ਕਰ ਸਕਦੇ ਹੋ। ਜੇ ਤੁਹਾਡੇ ਪਾਸ ਸੀਜ਼ਨ ਟਿਕਟ ਹੈ ਤਾਂ ਅਲੱਗ ਅਲੱਗ ਰੀਫ਼ੰਡ ਲਾਗੂ ਹੁੰਦੇ ਹਨ। ਇਹ ਰੀਫ਼ੰਡ ਟ੍ਰੇਨ ਕੰਪਨੀ ਉੱਤੇ ਨਿਰਭਰ ਕਰਦੇ ਹਨ। ਇਹ ਹਰਜ਼ਾਨੇ ਦੇ ਘੱਟ ਤੋਂ ਘੱਟ ਦਰਜੇ ਹਨ — ਕਈ ਕੰਪਨੀਆਂ ਤੋਂ ਤੁਹਾਨੂੰ ਜ਼ਿਆਦਾ ਪੈਸੇ ਵੀ ਮਿਲ ਸਕਦੇ ਹਨ। ਇਸ ਹਰਜ਼ਾਨੇ ਲਈ ਤੁਹਾਨੂੰ ਅਰਜ਼ੀ ਦੇਣੀ ਪੈਂਦੀ ਹੈ ਕਿਉਂਕਿ ਇਹ ਆਪਣੇ ਆਪ ਨਹੀਂ ਦਿੱਤਾ ਜਾਂਦਾ। ਤੁਸੀਂ ਆਪਣਾ ਰੀਫ਼ੰਡ ਉਸੇ ਵਕਤ ਕਲੇਮ ਕਰ ਸਕਦੇ ਹੋ ਜਾਂ ਫਿਰ ਟ੍ਰੇਨ ਕੰਪਨੀ ਦੇ ਕਸਟਮਰ ਸਰਵਿਸਿਜ਼ ਸੈਕਸ਼ਨ ਨੂੰ ਚਿੱਠੀ ਲਿਖ ਕੇ ਕਲੇਮ ਕਰ ਸਕਦੇ ਹੋ। ਇਸ ਬਾਰੇ ਜਾਣਕਾਰੀ ਤੁਸੀਂ ਟ੍ਰੇਨ ਉੱਤੇ ਟਿਕਟ ਕੋਲੈਕਟਰ (ਟਿਕਟ ਇੱਕਠੇ ਕਰਨ ਵਾਲੇ ਅਫ਼ਸਰ) ਤੋਂ ਲੈ ਸਕਦੇ ਹੋ ਜਾਂ ਫਿਰ ਉਸ ਸਟੇਸ਼ਨ ਤੋਂ ਜਿੱਥੋਂ ਤੁਸੀਂ ਆਪਣਾ ਟਿਕਟ ਖ਼ਰੀਦਿਆ ਸੀ। ਤੁਹਾਨੂੰ 28 ਦਿਨਾਂ ਦੇ ਅੰਦਰ ਅੰਦਰ ਕਲੇਮ ਕਰਨਾ ਚਾਹੀਦਾ ਹੈ। ਜੇ ਤੁਸੀਂ ਕਲੇਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣਾ ਟਿਕਟ ਜਾਂ ਉਸਦੀ ਫ਼ੋਟੋਕੌਪੀ ਸਬੂਤ ਦੇ ਤੌਰ ਤੇ ਚਾਹੀਦੀ ਹੋਵੇਗੀ।

ਜੇ ਤੁਹਾਨੂੰ ਹਰਜ਼ਾਨੇ ਦੇ ਤੌਰ ਤੇ ਇੱਕ ਵਾਊਚਰ ਦੀ ਪੇਸ਼ਕੱਸ਼ ਕੀਤੀ ਗਈ ਹੈ, ਪਰ ਤੁਸੀਂ ਕੈਸ਼ (ਨਕਦ) ਰੀਫ਼ੰਡ ਚਾਹੁੰਦੇ ਹੋ, ਤਾਂ ਇਸ ਲਈ ਤੁਹਾਨੂੰ ਪੁੱਛਣਾ ਪਵੇਗਾ, ਹਾਲਾਂ ਕਿ, ਕੰਪਨੀ ਲਈ ਤੁਹਾਨੂੰ ਕੈਸ਼ ਪੈਸੇ ਦੇਣੇ ਜ਼ਰੂਰੀ ਨਹੀਂ ਹਨ। ਇਹ ਵਾਊਚਰ ਇੱਕ ਸਾਲ ਲਈ ਤਰੀਕ ਤੋਂ ਵਾਜਬ ਹੁੰਦਾ ਹੈ ਜਿਸ ਤਾਰੀਕ ਤੋਂ ਇਹ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਤੁਸੀਂ ਕਿਸੇ ਵੀ ਰੇਲਵੇਅ ਸਰਵਿਸ ਤੋਂ ਬਦਲੇ ਵਿਚ ਕਿਸੇ ਹੋਰ ਸਫ਼ਰ ਦੇ ਟਿਕਟ ਲਈ ਵਰਤ ਸਕਦੇ ਹੋ। ਵਾਧੂ ਖਰਚਿਆਂ ਦੇ ਕਲੇਮਜ਼ ਲਈ, ਜਿਵੇਂ ਕਿ ਰਾਤ ਦੇ ਠਹਿਰਨ ਲਈ, ਤਰ੍ਹਾਂ ਤਰ੍ਹਾਂ ਦੇ ਖ਼ਾਸ ਹਾਲਾਤ ਤੇ ਗੌਰ ਕੀਤਾ ਜਾ ਸਕਦਾ ਹੈ।
ਇਸ ਤੋਂ ਇਲਾਵਾ, ਜੇ ਤੁਸੀਂ ਕਿਸੇ ਵੀ ਸਟੇਸ਼ਨ ਤੇ ਟ੍ਰੇਨ ਨੂੰ ਦੇਰ ਹੋ ਜਾਣ ਦੇ ਕਾਰਣ ਫ਼ਸ ਗਏ ਹੋਵੋ ਤਾਂ ਤੁਸੀਂ ਟੈਕਸੀ ਦੇ ਪੈਸੇ ਵਾਪਸ ਲੈਣ ਲਈ ਕਲੇਮ ਕਰ ਸਕਦੇ ਹੋ। ਫਿਰ ਭੀ, ਜਦ ਤੱਕ ਤੁਸੀਂ ਇਸ ਬਾਰੇ ਸਟੇਸ਼ਨ ਉੱਤੇ ਡਿਊਟੀ ਮੈਨੇਜਰ ਨੂੰ ਨਾ ਦੱਸਿਆ ਹੋਵੇ ਕਿ ਤੁਹਾਨੂੰ ਆਪਣੀ ਮੰਜ਼ਿਲ ਤੇ ਪਹੁੰਚਣ ਲਈ ਟੈਕਸੀ ਲੈਣੀ ਪਵੇਗੀ ਅਤੇ ਉਹ ਤੁਹਾਨੂੰ ਕਿਸੇ ਵੀ ਹੋਰ ਤ੍ਰੀਕੇ ਨਾਲ ਤੁਹਾਡੀ ਮੰਜ਼ਿਲ ਤੇ ਨਹੀਂ ਪਹੁੰਚਾ ਸਕਦੇ ਤਾਂ ਹੋ ਸਕਦਾ ਹੈ ਕਿ ਟ੍ਰੇਨ ਕੰਪਨੀ ਤੁਹਾਨੂੰ ਇਹ ਪੈਸੇ ਵਾਪਸ ਨਾ ਦੇਵੇ।

ਜਿਸ ਤ੍ਰੀਕੇ ਨਾਲ ਟ੍ਰੇਨ ਕੰਪਨੀ ਨੇ ਤੁਹਾਡੇ ਹਰਜ਼ਾਨੇ ਲਈ ਕਲੇਮ ਹਾਸਲ ਕਰਨ ਲਈ ਨਿਪਟਿਆ ਹੈ ਜੇ ਤੁਸੀਂ ਉਸ ਨਾਲ ਖ਼ੁਸ਼ ਨਹੀਂ ਹੋ ਤਾਂ ਤੁਸੀਂ ਆਪਣੀ ਸ਼ਿਕਾਇਤ ਪੈਸੈਂਜਰ ਫ਼ੋਕੱਸ ਪਾਸ ਇਸ ਪਤੇ ਤੇ ਲਿਜਾ ਸਕਦੇ ਹੋ www.passengerfocus.org.uk (ਟੈਲੀਫ਼ੋਨ: 0300 123 2350). ਲੰਡਨ ਵਿਚ ਤੁਸੀਂ ਲੰਡਨ ਟ੍ਰੈਵਲ ਵੌਚ ਨਾਲ ਇਸ ਪਤੇ ਤੇ ਸੰਪਰਕ ਕਰ ਸਕਦੇ ਹੋ: www.londontravelwatch.org.uk (ਟੈਲੀਫ਼ੋਨ: 020 7505 9000).

Copyright © 2002-2006 Citizens Advice All rights reserved
Registered charity no: 279057 Company no: 1436945 England

Copyright © 2002-2006 Citizens Advice All rights reserved
Registered charity no: 279057 Company no: 1436945 England